# Foreign Secretary’s Visit to Nepal (November 26-27, 2020)

November 23, 2020

---

## ਵਿਦੇਸ਼ ਸਕੱਤਰ ਵੱਲੋਂ ਨੇਪਾਲ ਦੀ ਫੇਰੀ (26-27 ਨਵੰਬਰ, 2020)

23 ਨਵੰਬਰ, 2020

ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼ਰਿੰਗਲਾ 26-27 ਨਵੰਬਰ, 2020 ਨੂੰ ਨੇਪਾਲ ਦੀ ਅਧਿਕਾਰਕ ਫੇਰੀ 'ਤੇ ਜਾਣਗੇ। ਕਾਰਜਭਾਰ ਸੰਭਾਲਣ ਤੋਂ ਬਾਅਦ ਵਿਦੇਸ਼ ਸਕੱਤਰ ਵੱਲੋਂ ਨੇਪਾਲ ਦਾ ਇਹ ਪਹਿਲਾ ਦੌਰਾ ਹੋਵੇਗਾ।

ਇਹ ਫੇਰੀ ਦੋਵਾਂ ਦੇਸ਼ਾਂ ਦਰਮਿਆਨ ਬਾਕਾਇਦਾ ਹੁੰਦੇ ਰਹੇ ਉੱਚ ਪੱਧਰੀ ਵਟਾਂਦਰੇ ਦੀ ਰਿਵਾਇਤ ਅਤੇ ਭਾਰਤ ਨੇਪਾਲ ਨਾਲ ਆਪਣੇ ਸਬੰਧਾਂ ਨੂੰ ਦਿੱਤੀ ਜਾਣ ਵਾਲੀ ਮਹੱਤਤਾ ਦੇ ਮੱਦੇਨਜ਼ਰ ਹੋ ਰਹੀ ਹੈ। ਇਸ ਫੇਰੀ ਦੌਰਾਨ ਵਿਦੇਸ਼ ਸਕੱਤਰ ਆਪਣੇ ਨੇਪਾਲੀ ਹਮਰੁਤਬਾ ਅਤੇ ਹੋਰ ਨੇਪਾਲੀ ਹਸਤੀਆਂ ਨਾਲ ਮੁਲਾਕਾਤ ਕਰ ਦੋਵਾਂ ਦੇਸ਼ਾਂ ਵਿਚਾਲੇ ਵਿਆਪਕ ਦੁਵੱਲੀ ਭਾਈਵਾਲੀ ਬਾਰੇ ਵਿਚਾਰ ਵਟਾਂਦਰੇ ਕਰਨਗੇ।

ਨੇਪਾਲ ਨਾਲ ਭਾਰਤ ਦੇ ਇਤਿਹਾਸਕ ਅਤੇ ਸਭਿਅਤਾ ਦੇ ਪੱਧਰ ‘ਤੇ ਸਬੰਧ ਹਨ। ਹਾਲੀਆ ਸਾਲਾਂ ਅੰਦਰ ਭਾਰਤ ਦੀ ਮਦਦ ਨਾਲ ਬਣੇ ਕਈ ਵੱਡੇ ਬੁਨਿਆਦੀ ਢਾਂਚਾ ਅਤੇ ਅੰਤਰ-ਸਰਹੱਦ ਸੰਪਰਕ ਪ੍ਰਾਜੈਕਟਾਂ ਕਾਰਨ ਦੁਵੱਲਾ ਸਹਿਯੋਗ ਹੋਰ ਮਜ਼ਬੂਤ ਹੋਇਆ ਹੈ।
ਇਸ ਮੁਲਾਕਾਤ ਨਾਲ ਸਾਡੇ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦਾ ਮੌਕਾ ਮਿਲੇਗਾ।

ਨਵੀਂ ਦਿਲੀ
23 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.